An ISO 9001, 14001 & OHSAS 18001 company

SATIA INDUSTRIES LIMITED

CIN: - L21012PB1980PLC004329

Manufacturer of Quality writing, Printing & Speciality Paper with ECO MARK IS 1848

SIL/CS

Date: 15.11.2021

| | |
|---|---|
| The Manager<br>Listing Department<br>BSE Limited<br>Phiroze Jeejeebhoy Towers<br>Dalal Street<br>Mumbai-400001 | The Manager,<br>Listing Department,<br>National Stock Exchange of India Ltd, Exchange Plaza, Plot No. C/1,<br>G- Block, Bandra Kurla Complex,<br>Bandra (East), Mumbai-400051 |
| Scrip Code: 539201 | Symbol: SATIA |

**Subject: Submission of newspaper cutting of Unaudited Financial Results for the Quarter and Half Year ended on September 30, 2021**

Dear Sir,

Pursuant to provisions of SEBI (Listing Obligation and Disclosure Requirements) Regulation, 2015. We are enclosing herewith copies of Newspaper cutting of Unaudited Financial Result for the Quarter and Half Year ended 30.09.2021 Published in "FINANCIAL EXPRESS and PUNJABI JAGRAN" (Punjabi) on November 13, 2021.

This is for your information and record please.

Thanking You,

Yours Faithfully,
For Satia Industries Ltd

(Rakesh Kumar Dhuria)
Company Secretary

Registered Office & Mill : Village Rupana, Sri Muktsar Sahib-152 032, Punjab, India. Ph.: 262001, 262215, 263585 Fax : 01633-263499 email: satiapaper@gmail.com

Branch : 613-615, Naurang House, 21, K.G. Marg, Connaught Place, New Delhi-110001 Ph.: 23710351/52/53 Fax : 23718191 e-mail : satiapaper@rediffmail.com
Branch : S.C.O. No. 90 - 92, Sector 8 - C, Madhya Marg, Chandigarh - 160018 Ph. : 0172-2780022/23, 4618377 Fax : 0172-4648606 : satiaindustriesltd@gmail.com
Branch : 304, Navjeevan Complex, 29, Station Road, Jaipur-302006, Rajasthan Ph. : 2371055, 2379554 Fax : 0141-2374433 e-mail : satiapaper.jpr@gmail.com

# ਕੌਮਾਂਤਰੀ ਸਰਹੱਦ ’ਤੇ ਪੰਜਾਬ ਆਪਣੀ ਸੁਰੱਖਿਆ ਖ਼ੁਦ ਕਰ ਸਕਦੈ : ਰੰਧਾਵਾ

## ਪੰਜ ਜ਼ਿਲ੍ਹਿਆਂ ਦੇ ਪੁਲਿਸ ਅਧਿਕਾਰੀਆਂ ਨਾਲ ਕੀਤੀ ਮੀਟਿੰਗ

**ਗੁਰਤੇਜ ਸਿੰਘ ਸਿੱਧੂ, ਬਠਿੰਡਾ**

ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕੇਂਦਰ ਸਰਕਾਰ ਵੱਲੋਂ ਕੌਮਾਂਤਰੀ ਸਰਹੱਦ ਦੇ ਨਾਲ ਪੰਜਾਬ ਦਾ ਦਾਇਰਾ 50 ਕਿਲੋਮੀਟਰ ਤਕ ਬੀਐੱਸਐੱਫ ਨੂੰ ਦੇਣ ’ਤੇ ਕਿਹਾ ਕਿ ਪੰਜਾਬ ਆਪਣੀ ਖ਼ੁਦ ਸੁਰੱਖਿਆ ਕਰ ਸਕਦਾ ਹੈ। ਬੇਸ਼ੱਕ ਕੇਂਦਰ ਸਰਕਾਰ ਨਸ਼ਾ ਰੋਕਣ ਨੂੰ ਲੈ ਕੇ ਇਸ ਤਰ੍ਹਾਂ ਦੀ ਗੱਲ ਕਰ ਰਹੀ ਹੈ ਪਰ ਉਹ ਜਾਣਦੇ ਹਨ ਕਿ ਪੰਜਾਬ ਪੁਲਿਸ ਖ਼ੁਦ ਨਸ਼ਾ ਰੋਕਦੀ ਹੈ ਜਦੋਂ ਕਿ ਬੀਐੱਸਐੱਫ ਸਿਰਫ਼ ਪੰਜਾਬ ਪੁਲਿਸ ਦੀ ਮਦਦ ਲੈਂਦੀ ਹੈ। ਇਸ ਲਈ ਸਰਕਾਰ ਨੂੰ ਫਿਰ ਤੋਂ ਇਸ ਮਸਲੇ ’ਤੇ ਵਿਚਾਰ ਕਰਨਾ ਚਾਹੀਦਾ ਹੈ।

ਰੰਧਾਵਾ ਨੇ ਤਰਨਤਾਰਨ, ਫ਼ਰੀਦਕੋਟ, ਫ਼ਾਜ਼ਿਲਕਾ, ਫ਼ਿਰੋਜ਼ਪੁਰ ਅਤੇ ਬਠਿੰਡਾ ਦੇ ਐੱਸਐੱਸਪੀਜ਼ ਤੋਂ ਇਲਾਵਾ ਹੋਰ ਪੁਲਿਸ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਜਿਨ੍ਹਾਂ ਨਾਲ ਡੀਜੀਪੀ ਇਕਬਾਲਪ੍ਰੀਤ ਸਿੰਘ ਸਹੋਤਾ ਵੀ ਸਨ।

ਮੀਟਿੰਗ ਵਿਚ ਪੁਲਿਸ ਅਧਿਕਾਰੀਆਂ ਤੋਂ ਉਨ੍ਹਾਂ ਦੀ ਕਾਰਗੁਜ਼ਾਰੀ ਜਾਣਨ ਤੋਂ ਇਲਾਵਾ ਸਰਹੱਦੀ ਏਰੀਏ ਵਿਚ ਨਸ਼ਾ ਰੋਕਣ ਅਤੇ ਲਾਅ ਐਂਡ ਆਰਡਰ ਨੂੰ ਲੈ ਕੇ ਚਰਚਾ ਕੀਤੀ ਅਤੇ ਦੱਸਿਆ ਕਿ ਸਰਹੱਦੀ ਏਰੀਆ ਵਿਚ ਨਸ਼ਾ ਰੋਕਣ ਲਈ ਪੁਲਿਸ ਵੱਲੋਂ ਡਿਊਟੀ ਗੰਭੀਰਤਾ ਨਾਲ ਨਿਭਾਈ ਜਾਵੇ। ਇਸ ਤੋਂ ਇਲਾਵਾ ਵੱਧ ਰਹੇ ਅਪਰਾਧ ਨੂੰ ਘੱਟ ਕਰਨ ਲਈ ਰੰਧਾਵਾ ਨੇ ਪੁਲਿਸ ਦੇ ਉੱਚ ਅਧਿਕਾਰੀਆਂ ਨਾਲ ਜ਼ਿਲ੍ਹਿਆਂ ਵਿਚ ਸੁਰੱਖਿਆ ਵਧਾਉਣ ’ਤੇ ਚਰਚਾ ਕੀਤੀ।

ਰੰਧਾਵਾ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਲੈ ਕੇ ਕਿਹਾ ਕਿ ਇਸ ਸਮੇਂ ਕੈਪਟਨ ਦੀ ਕੋਈ ਮਜਬੂਰੀ ਹੋਵੇਗੀ, ਜਿਸ ਕਾਰਨ ਉਹ ਬੀਐੱਸਐੱਫ ਦਾ ਦਾਇਰਾ ਪੰਜਾਹ ਕਿਲੋਮੀਟਰ ਕਰਨ ’ਤੇ ਸਹਿਮਤੀ ਦੇ ਰਹੇ ਹਨ ਪਰ 2016 ਵਿਚ ਜਦੋਂ ਉਹ ਕੈਪਟਨ ਨਾਲ ਡੇਰਾ ਬਾਬਾ ਨਾਨਕ ਗਏ ਸਨ ਤਾਂ ਉਨ੍ਹਾਂ ਕਿਹਾ ਸੀ ਕਿ ਬੀਐੱਸਐੱਫ ਦੇ ਜਵਾਨ ਮਿਲ ਕੇ ਨਸ਼ੇ ਦੀ ਤਸਕਰੀ ਕਰ ਰਹੇ ਹਨ। ਇਸ ਤੋਂ ਇਲਾਵਾ ਚੋਣਾਂ ਤੋਂ ਪਹਿਲਾਂ ਕੈਪਟਨ ਨੇ ਕਿਹਾ ਸੀ ਕਿ ਸਰਕਾਰ ਬਣਨ ਤੋਂ ਬਾਅਦ ਪੰਜਾਬ ’ਚੋਂ ਚਾਰ ਹਫਤਿਆਂ ’ਚ ਨਸ਼ਾ ਖਤਮ ਕਰ ਦਿੱਤਾ ਜਾਵੇਗਾ ਪਰ ਸਾਢੇ ਚਾਰ ਸਾਲ ਨਿਕਲ ਗਏ, ਪੰਜਾਬ ਵਿਚੋਂ ਕੋਈ ਨਸ਼ਾ ਖ਼ਤਮ ਨਹੀਂ ਹੋਇਆ ਜਦੋਂ ਕਿ ਨਸ਼ਾ ਖਤਮ ਕਰਨ ਨੂੰ ਲੈ ਕੇ ਜਾਂਚ ਰਿਪੋਰਟ ਵੀ ਤਿਆਰ ਹੋਈ ਜਿਸ ਨੂੰ ਕਦੇ ਖੋਲ੍ਹ ਕੇ ਵੀ ਨਹੀਂ ਦੇਖਿਆ ਗਿਆ ਪਰ ਹੁਣ ਨਸ਼ਾ ਖਤਮ ਕਰਨ ਲਈ ਕੰਮ ਕੀਤਾ ਜਾਵੇਗਾ।



ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਪ੍ਰੈੱਸ ਕਾਨਫਰੰਸ ਮੌਕੇ ਸੰਬੋਧਨ ਕਰਦੇ ਹੋਏ।

### ਕਾਂਗਰਸੀਆਂ ਨੂੰ ਵੀ ਫੋਨ ਕਰਵਾ ਕੇ ਜਾਣਾ ਪਿਆ

ਗੈਸਟ ਹਾਊਸ ਵਿਚ ਪਹੁੰਚੇ ਰੰਧਾਵਾ ਦੇ ਦੌਰੇ ਨੂੰ ਲੈ ਕੇ ਪੁਲਿਸ ਵੱਲੋਂ ਸਾਰੇ ਰਸਤਿਆਂ ਨੂੰ ਬੰਦ ਕਰ ਦਿੱਤਾ ਗਿਆ। ਇੱਥੋਂ ਤਕ ਕਿ ਗੈਸਟ ਹਾਊਸ ਨੂੰ ਜਾਣ ਲਈ ਕਾਂਗਰਸੀ ਨੇਤਾਵਾਂ ਨੂੰ ਵੀ ਉੱਥੇ ਖੜ੍ਹੇ ਹੋ ਕੇ ਘੰਟਿਆਂਬੱਧੀ ਇੰਤਜ਼ਾਰ ਕਰਨਾ ਪਿਆ ਤਾਂ ਉੱਚ ਅਹੁਦਿਆਂ ਵਾਲੇ ਕਾਂਗਰਸੀ ਨੇਤਾਵਾਂ ਕੋਲੋਂ ਫੋਨ ਕਰਵਾਉਣੇ ਪਏ।

### ਕਾਂਗਰਸੀ ਆਗੂ ਨੇ ਲਾਏ ਧੱਕੇ ਮਾਰਨ ਦੇ ਦੋਸ਼

ਰੰਧਾਵਾ ਨੂੰ ਮਿਲਣ ਪਹੁੰਚੇ ਕਾਂਗਰਸੀ ਨੇਤਾ ਹਰਮੇਸ਼ ਪੱਕਾ ਨੇ ਵਿੱਤ ਮੰਤਰੀ ਦੇ ਰਿਸ਼ਤੇਦਾਰ ’ਤੇ ਉਸ ਨਾਲ ਦੁਰਵਿਹਾਰ ਕਰਨ ਦੇ ਦੋਸ਼ ਲਾਏ। ਗੈਸਟ ਹਾਊਸ ਵਿਚੋਂ ਪੁਲਿਸ ਦੇ ਨਾਲ ਬਾਹਰ ਆਉਣ ’ਤੇ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਧੱਕੇ ਮਾਰ ਕੇ ਬਾਹਰ ਕੱਢਿਆ ਗਿਆ ਜਦੋਂ ਕਿ ਉਹ ਰੰਧਾਵਾ ਨੂੰ ਮਿਲਣ ਲਈ ਆਏ ਸਨ।

## ਪਟਨਾ ਸਾਹਿਬ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਕਲਿਆਣ ਸਿੰਘ ਨਹੀਂ ਰਹੇ

**ਪੱਤਰ ਪ੍ਰੇਰਕ, ਜਲੰਧਰ** : ਸ਼੍ਰੋਮਣੀ ਕਮੇਟੀ ਦੇ ਅਕਾਊਂਟੈਂਟ ਜਤਿੰਦਰਪਾਲ ਸਿੰਘ, ਪੰਜਾਬੀ ਜਾਗਰਣ ਦੇ ਸ਼ਾਹਕੋਟ ਤੋਂ ਪੱਤਰਕਾਰ ਪ੍ਰਿਤਪਾਲ ਸਿੰਘ ਤੇ ਸਿੱਖ ਸਟੂਡੈਂਟ ਫੈਡਰੇਸ਼ਨ (ਮਹਿਤਾ) ਦੇ ਮੁੱਖ ਬੁਲਾਰੇ ਗੁਰਮਿੰਦਰ ਸਿੰਘ ਚਾਵਲਾ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਸਹੁਰਾ ਅਤੇ ਤਖਤ ਸ੍ਰੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਕਲਿਆਣ ਸਿੰਘ ਦਾ ਦੇਹਾਂਤ ਹੋ ਗਿਆ। ਉਹ ਕਰੀਬ 78 ਸਾਲ ਦੇ ਸਨ। ਉਹ 33 ਸਾਲ ਪਟਨਾ ਸਾਹਿਬ ਕਮੇਟੀ ਦੇ ਮੈਂਬਰ ਰਹੇ। ਕਲਿਆਣ ਸਿੰਘ ਆਪਣੇ ਪਿੱਛੇ ਪਤਨੀ ਤੇ ਤਿੰਨ ਬੇਟੀਆਂ ਨੂੰ ਛੱਡ ਗਏ। ਉਨ੍ਹਾਂ ਦੀ ਚਿਖਾ ਨੂੰ ਅਗਨੀ ਬੇਟੀਆਂ ਦਲਜੀਤ ਕੌਰ ਅੰਮ੍ਰਿਤਸਰ, ਰਣਜੀਤ ਕੌਰ ਸ਼ਾਹਕੋਟ ਤੇ ਹਰਮੀਤ ਕੌਰ ਪਠਾਨਕੋਟ ਨੇ ਦਿੱਤੀ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੀ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ, ਹਲਕਾ ਸਾਹਨੇਵਾਲ ਦੇ ਵਿਧਾਇਕ ਸ਼ਰਨਜੀਤ ਸਿੰਘ ਢਿੱਲੋਂ, ਲੁਧਿਆਣਾ ਦੇ ਸਾਬਕਾ ਮੇਅਰ ਹਰਚਰਨ ਸਿੰਘ ਗੋਹਲਵੜੀਆ, ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਤੇ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਕੰਵਲਜੀਤ ਸਿੰਘ ਸਾਬਕਾ ਪ੍ਰਧਾਨ, ਹਰਦੀਪ ਸਿੰਘ, ਮਲਵਿੰਦਰ ਸਿੰਘ, ਬਲਵੀਰ ਸਿੰਘ ਸਚਦੇਵਾ, ਜਸਵੀਰ ਸਿੰਘ, ਤਰਲੋਚਨ ਸਿੰਘ ਨੇ ਦੁੱਖ ਸਾਂਝਾ ਕੀਤਾ।



## ਕੇਂਦਰੀ ਜੇਲ੍ਹ ’ਚ ਸੰਤਰੀ ਕੋਲੋਂ ਨਸ਼ੀਲਾ ਪਦਾਰਥ ਬਰਾਮਦ

**ਥਿੰਦ, ਫਿਰੋਜ਼ਪੁਰ** : ਸਬ-ਇੰਸਪੈਕਟਰ ਅਮਨਦੀਪ ਸਿੰਘ ਨੇ ਦੱਸਿਆ ਕਿ ਥਾਣਾ ਸਿਟੀ ਨੂੰ ਭੇਜੀ ਸ਼ਿਕਾਇਤ ’ਚ ਕੁਲਦੀਪ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ ਵੀਰਵਾਰ 11 ਨਵੰਬਰ ਨੂੰ ਹੈੱਡਕਾਂਸਟੇਬਲ ਕਮਲ ਕੁਮਾਰ ਦੀ ਡਿਊਟੀ ਬਤੌਰ ਸੰਤਰੀ ਸੀ। ਜਦੋਂ ਡਿਊਟੀ ’ਤੇ ਜਾਣ ਸਮੇਂ ਇਸ ਕਰਮਚਾਰੀ ਦੀ ਤਲਾਸ਼ੀ ਲਈ ਗਈ ਤਾਂ ਇਸ ਕੋਲੋਂ 1 ਸਰਿੰਜ, 2 ਸੂਈਆਂ, 4 ਗੋਲੀਆਂ ਤੇ ਮੋਮੀ ਲਿਫਾਫੇ ਵਿਚ ਲਪੇਟਿਆ ਹੋਇਆ ਚਿੱਟੇ ਰੰਗ ਦਾ ਪਾਊਡਰ 0.35 ਮਿਲੀਗ੍ਰਾਮ ਬਰਾਮਦ ਹੋਇਆ। ਪੁਲਿਸ ਨੇ ਦੱਸਿਆ ਕਿ ਉਕਤ ਹੈੱਡਕਾਂਸਟੇਬਲ ਖ਼ਿਲਾਫ਼ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਜੇਲ੍ਹ ਸੁਪਰਡੈਂਟ ਸੁਰਿੰਦਰ ਸਿੰਘ ਨੇ ਦੱਸਿਆ ਜੇਲ੍ਹ ’ਚ ਸਥਿਤ ਓਟ ਸੈਂਟਰ ਤੋਂ 500 ਦੇ ਕਰੀਬ ਕੈਦੀ ਤੇ ਹਵਾਲਾਤੀ ਨਸ਼ਾ ਛੁਡਾਊ ਗੋਲੀਆਂ ਲੈਂਦੇ ਹਨ। ਇਥੇ ਹੈਰਾਨੀ ਭਰਿਆ ਪਹਿਲੂ ਇਹ ਹੈ ਕਿ ਕੇਂਦਰੀ ਜੇਲ੍ਹ ਵਿਚ ਕੈਦੀਆਂ ਦੀ ਗਿਣਤੀ 1400 ਦੇ ਕਰੀਬ ਹੈ।

ਇਸ ਸਬੰਧੀ ਡਾਕਟਰ ਅੰਮ੍ਰਿਤਪਾਲ ਸਿੰਘ ਸੋਢੀ ਨੇ ਦੱਸਿਆ ਕਿ ਖਾਣ ਵਾਲੀ ਦਵਾਈ ਦੇ ਮੁਕਾਬਲੇ ਟੀਕੇ ਬੜੀ ਲੋ ਪੋਟੈਂਸੀ ਦੇ ਹੁੰਦੇ ਹਨ ਕਿਉਂਕਿ ਇਨ੍ਹਾਂ ਨੇ ਸਿੱਧਾ ਖ਼ੂਨ ’ਚ ਜਾ ਕੇ ਫੌਰੀ ਤੌਰ ’ਤੇ ਅਸਰ ਕਰਨਾ ਹੁੰਦਾ ਹੈ। ਜੇ ਕਰ ਨਸ਼ੇ ਵਾਲੀ ਦਵਾਈ ਨੂੰ ਸਿੱਧਾ ਟੀਕੇ ਜਰੀਏ ਸਰੀਰ ਵਿਚ ਭੇਜਿਆ ਜਾਂਦਾ ਹੈ ਤਾਂ ਦਿਲ ਦੇ ਦੌਰੇ ਸਮੇਤ ਮਲਟੀਪਲ ਆਰਗਨ ਫੇਲ੍ਹ ਦਾ ਕਾਰਨ ਵੀ ਬਣ ਸਕਦੀ ਹੈ। ਉਨ੍ਹਾਂ ਦੱਸਿਆ ਕਿ ਸਿੱਧੀ ਟੀਕੇ ਜਰੀਏ ਡਰੱਗ ਲੈਣ ਵਾਲਿਆਂ ਦੀ ਜ਼ਿੰਦਗੀ ਬਹੁਤ ਹੀ ਘੱਟ ਹੁੰਦੀ ਹੈ।





ਬੇਰੁਜ਼ਗਾਰ ਈਟੀਟੀ ਪਾਸ ਟੈੱਟ ਅਧਿਆਪਕਾਂ ਨਾਲ ਖਿੱਚ-ਧੂਹ ਕਰਦੀ ਹੋਈ ਪੁਲਿਸ।

## ਬੇਰੁਜ਼ਗਾਰ ਅਧਿਆਪਕਾਂ ਵੱਲੋਂ ਮੁੱਖ ਮੰਤਰੀ ਦੇ ਕਾਫ਼ਲੇ ਦਾ ਵਿਰੋਧ

**ਬੇਰੁਜ਼ਗਾਰ ਅਧਿਆਪਕਾਂ ਨਾਲ ਪੁਲਿਸ ਨੇ ਕੀਤੀ ਖਿੱਚ-ਧੂਹ, 16 ਨਵੰਬਰ ਨੂੰ ਕਰਨਗੇ ਅਧਿਆਪਕ ਮੁੱਖ ਮੰਤਰੀ ਦੀ ਰਿਹਾਇਸ਼ ਦਾ ਘਿਰਾਓ**

**ਮਹਿਰਾ, ਖਰੜ**

ਰੁਜ਼ਗਾਰ ਦੀ ਮੰਗ ਨੂੰ ਲੈ ਕੇ ਟੈਂਕੀ ’ਤੇ ਚੜ੍ਹੇ ਬੇਰੁਜ਼ਗਾਰ ਈਟੀਟੀ ਟੈੱਟ ਪਾਸ ਅਧਿਆਪਕ 23ਵੇਂ ਦਿਨ ਵੀ ਦੇਸੂਮਾਜਰਾ ਵਿਖੇ ਪਰਮ ਫਾਜ਼ਿਲਕਾ ਤੇ ਅਮਨ ਫਾਜ਼ਿਲਕਾ ਵੀ ਟੈਂਕੀ ਦੇ ਉੱਪਰ ਡਟੇ ਰਹੇ ਤੇ ਮਰਨ ਵਰਤ ’ਤੇ ਬੈਠੇ ਬਲਵਿੰਦਰ ਫ਼ਿਰੋਜ਼ਪੁਰ ਦਾ ਮਰਨ ਵਰਤ ਤੀਜੇ ਦਿਨ ’ਚ ਦਾਖ਼ਲ ਹੋ ਚੁੱਕਿਆ ਹੈ।

ਸ਼ੁੱਕਰਵਾਰ ਸਵੇਰੇ ਜਦੋਂ ਮੁੱਖ ਮੰਤਰੀ ਚਰਨਜੀਤ ਚੰਨੀ ਦਾ ਕਾਫ਼ਲਾ ਖਰੜ ਤੋਂ ਚੰਡੀਗੜ੍ਹ ਵੱਲ ਜਾ ਰਿਹਾ ਹੈ ਤਾਂ ਉਸ ਦੌਰਾਨ ਬੇਰੁਜ਼ਗਾਰ ਅਧਿਆਪਕਾਂ ਵੱਲੋਂ ਮੁੱਖ ਮੰਤਰੀ ਦੇ ਕਾਫ਼ਲੇ ਦਾ ਵਿਰੋਧ ਕੀਤਾ ਗਿਆ। ਇਸ ਦੌਰਾਨ ਪੁਲਿਸ ਵੱਲੋਂ ਬੇਰੁਜ਼ਗਾਰ ਅਧਿਆਪਕਾਂ ਨਾਲ ਖਿੱਚ-ਧੂਹ ਕੀਤੀ ਗਈ। ਇਸ ਤੋਂ ਬਾਅਦ ਬੇਰੁਜ਼ਗਾਰ ਅਧਿਆਪਕਾਂ ਵੱਲੋਂ ਆਪਣੇ ਸੰਘਰਸ਼ ਨੂੰ ਤਿੱਖਾ ਕਰਨ ਲਈ ਅੱਜ ਸੂਬਾ ਪ੍ਰਧਾਨ ਦੀਪਕ ਕੰਬੋਜ ਦੀ ਅਗਵਾਈ ਹੇਠ ਸੂਬਾ ਕਮੇਟੀ ਦੀ ਮੀਟਿੰਗ ਹੋਈ ਤੇ ਫੈਸਲਾ ਲਿਆ ਗਿਆ ਕਿ 16 ਨਵੰਬਰ ਨੂੰ ਮੁੱਖ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਕੀਤਾ ਜਾਵੇਗਾ।

ਇਸ ਮੌਕੇ ਬੇਰੁਜ਼ਗਾਰ ਈਟੀਟੀ ਟੈੱਟ ਪਾਸ ਅਧਿਆਪਕ ਯੂਨੀਅਨ ਦੇ ਸੂਬਾ ਪ੍ਰਧਾਨ ਦੀਪਕ ਕੰਬੋਜ, ਨਿਰਮਲ ਜੀਰਾ, ਸੁਰਿੰਦਰਪਾਲ ਗੁਰਦਾਸਪੁਰ, ਕੁਲਦੀਪ ਖੋਖਰ, ਮਨੀ ਸੰਗਰੂਰ, ਰਾਜਕੁਮਾਰ ਮਾਨਸਾ ਤੇ ਜੱਗਾ ਬੋਹਾ ਨੇ ਕਿਹਾ ਕਿ ਆਉਣ ਵਾਲੇ ਸਮੇਂ ’ਚ ਮੁੱਖ ਮੰਤਰੀ, ਸਿੱਖਿਆ ਮੰਤਰੀ ਤੇ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਜਿੱਥੇ ਵੀ ਆਪਣਾ ਪ੍ਰੋਗਰਾਮ ਕਰਨਗੇ ਉਸ ਦਾ ਬੇਰੁਜ਼ਗਾਰ ਅਧਿਆਪਕਾਂ ਵੱਲੋਂ ਵਿਰੋਧ ਕੀਤਾ ਜਾਵੇਗਾ। ਆਗੂਆਂ ਨੇ ਕਿਹਾ ਕਿ 16 ਨਵੰਬਰ ਨੂੰ ਕੀਤੇ ਜਾਣ ਵਾਲੇ ਮੁੱਖ ਮੰਤਰੀ ਦੀ ਰਿਹਾਇਸ਼ ਦੇ ਘਿਰਾਓ ਦੌਰਾਨ ਜੋ ਵੀ ਜਾਨੀ ਮਾਲੀ ਨੁਕਸਾਨ ਹੋਵੇਗਾ, ਉਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਦੀ ਹੋਵੇਗੀ।

## ਸ਼੍ਰੋਮਣੀ ਕਵੀ ਦਰਸ਼ਨ ਬੁੱਟਰ ਦੀ ਪਤਨੀ ਹਰਮਿੰਦਰ ਕੌਰ ਦਾ ਦੇਹਾਂਤ

**ਪੱਤਰ ਪ੍ਰੇਰਕ, ਨਾਭਾ/ਭਾਦਸੋਂ** : ਪੰਜਾਬੀ ਦੇ ਸ਼੍ਰੋਮਣੀ ਕਵੀ, ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਨਾਭਾ ਨੂੰ ਉਦੋਂ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਧਰਮ ਪਤਨੀ ਹਰਮਿੰਦਰ ਕੌਰ ਬੁੱਟਰ ਇਸ ਫ਼ਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਆਖ਼ ਗਏ। ਹਰਮਿੰਦਰ ਕੌਰ ਬੁੱਟਰ ਬੀਤੇ ਕੁਝ ਸਾਲਾਂ ਤੋਂ ਕੈਂਸਰ ਨਾਲ ਪੀੜਤ ਸਨ। ਪਿਛਲੇ ਦੋ ਮਹੀਨੇ ਤੋਂ ਉਨ੍ਹਾਂ ਦੀ ਤਬੀਅਤ ਜ਼ਿਆਦਾ ਗੰਭੀਰ ਹੋਣ ਕਾਰਨ ਦਰਸ਼ਨ ਬੁੱਟਰ ਨੇ ਨਾਭਾ ਕਵਿਤਾ ਉਤਸਵ ਸਮੇਤ ਆਪਣੇ ਸਾਰੇ ਸਾਹਿਤਕ ਪ੍ਰੋਗਰਾਮ ਤੇ ਸਮਾਜਿਕ ਰੁਝੇਵੇਂ ਰੱਦ ਕਰ ਦਿੱਤੇ ਸਨ। ਸ਼ੁੱਕਰਵਾਰ ਸਵੇਰੇ ਅੰਮ੍ਰਿਤ ਵੇਲੇ ਹਰਮਿੰਦਰ ਕੌਰ ਬੁੱਟਰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰ ਕੇ ਪਰਿਵਾਰ ਨੂੰ ਵਿਛੋੜਾ ਦੇ ਗਏ। ਜਿਨ੍ਹਾਂ ਦਾ ਅੰਤਿਮ ਸਸਕਾਰ ਉਨ੍ਹਾਂ ਦੇ ਜੱਦੀ ਪਿੰਡ ਬੂਹੀ (ਨੇੜੇ ਨਾਭਾ) ਵਿਖੇ ਦੁਪਹਿਰ 2 ਵਜੇ ਧਾਰਮਿਕ ਰਹੁ ਰੀਤਾਂ ਨਾਲ ਕੀਤਾ ਗਿਆ। ਬੀਬੀ ਹਰਮਿੰਦਰ ਕੌਰ ਦੀ ਮ੍ਰਿਤਕ ਦੇਹ ਨੂੰ ਉਨ੍ਹਾਂ ਦੇ ਪੁੱਤਰ ਸਤਿੰਦਰ ਸਿੰਘ ਬੁੱਟਰ ਤੇ ਪੋਤਰੇ ਗੋਵਨਗੀਤ ਸਿੰਘ ਬੁੱਟਰ ਨੇ ਅਗਨੀ ਦਿਖਾਈ। ਇਸ ਸਮੇਂ ਪ੍ਰਸਿੱਧ ਸਾਹਿਤਕਾਰ ਕਿਰਪਾਲ ਕਜਾਕ, ਸੁਸ਼ੀਲ ਦੁਸਾਂਝ, ਬਰਜਿੰਦਰ ਚੌਹਾਨ, ਸੁਰਜੀਤ ਜੱਜ, ਬਲਵਿੰਦਰ ਸੰਧੂ, ਅਮਰਜੀਤ ਵੜੈਚ ਸੇਵਾ ਮੁਕਤ ਡਿਪਟੀ ਡਾਇਰੈਕਟਰ ਆਲ ਇੰਡੀਆ ਰੇਡੀਓ, ਗੁਰਦੇਵ ਸਿੰਘ ਦੇਵ ਮਾਨ, ਹਰਮੇਲ ਸਿੰਘ ਟੌਹੜਾ, ਕੁਲਦੀਪ ਕੌਰ ਟੌਹੜਾ, ਪਵਨ ਹਰਚੰਦਪੁਰੀ, ਦੀਪਕ ਚਨਾਰਥਲ, ਸੇਵਾ ਸਿੰਘ ਭਾਸ਼ੋ, ਕੰਵਰ ਜਸਵਿੰਦਰਪਾਲ ਸਿੰਘ, ਲਕਸ਼ਮੀ ਨਰਾਇਣ ਭੀਖੀ, ਬਲਵਿੰਦਰ ਸਿੰਘ ਭੱਟੀ,ਕਮਲ ਦੁਸਾਂਝ, ਜੈਨਇੰਦਰ ਚੌਹਾਨ,ਅਸ਼ਵਨੀ ਬਾਗੜੀਆਂ, ਅਮਿਤ ਨਾਭਾ, ਬੱਬੀ ਰੰਘੇੜੀ , ਜੋਗਾ ਸਿੰਘ ਧਨੌਲ਼ਾ, ਰਿਟਾ.ਪ੍ਰੋਫੈਸ਼ਰ ਜੋਗਾ ਸਿੰਘ, ਦਲੀਪ ਕੁਮਾਰ ਬਿੱਟੂ ਕੌਂਸਲਰ, ਐਡਵੋਕੇਟ ਮੱਖਣ ਸਿੰਘ, ਐਡਵੋਕੇਟ ਸਿਕੰਦਰ ਪ੍ਰਤਾਪ ਸਿੰਘ ਆਦਿ ਹਾਜ਼ਰ ਸਨ।



## ਕੇਂਦਰੀ ਜੇਲ੍ਹ ’ਚੋਂ 12 ਗ੍ਰਾਮ ਹੈਰੋਇਨ ਤੇ 8 ਮੋਬਾਈਲ ਬਰਾਮਦ

**ਮਨੋਜ ਕੁਮਾਰ, ਅੰਮ੍ਰਿਤਸਰ** : ਕੇਂਦਰੀ ਜੇਲ੍ਹ ਅੰਮ੍ਰਿਤਸਰ ’ਚੋਂ ਚੈਕਿੰਗ ਦੌਰਾਨ 12 ਗ੍ਰਾਮ ਹੈਰੋਇਨ ਤੇ 8 ਮੋਬਾਈਲ ਫੋਨ ਬਰਾਮਦ ਹੋਏ ਹਨ। ਇਸ ਸਬੰਧੀ ਥਾਣਾ ਇਸਲਾਮਾਬਾਦ ’ਚ ਦਿੱਤੀ ਗਈ ਦਰਖ਼ਾਸਤ ’ਚ ਕੇਂਦਰੀ ਜੇਲ੍ਹ ਅੰਮ੍ਰਿਤਸਰ ਦੇ ਸਹਾਇਕ ਸੁਪਰਡੈਂਟ ਬਲਵੀਰ ਸਿੰਘ ਨੇ ਦੱਸਿਆ ਕਿ ਜੇਲ੍ਹ ਦੀ ਬੈਰਕ ਨੰਬਰ 6 ਦੇ ਕਮਰਾ ਨੰਬਰ 7 ਦੀ ਚੈਕਿੰਗ ਕਰਨ ’ਤੇ ਕੈਦੀ ਰਣਦੀਪ ਸਿੰਘ ਉਰਫ਼ ਦੀਪੂ ਵਾਲੀ ਪਿੰਡ ਫੱਤੂ ਭੀਲਾ ਕੋਲੋਂ 12 ਗ੍ਰਾਮ ਹੈਰੋਇਨ ਤੇ ਤਿੰਨ ਮੋਬਾਈਲ ਫੋਨ, ਕੈਦੀ ਸ਼ਮਸ਼ੇਰ ਸਿੰਘ ਉਰਫ਼ ਸ਼ੇਰਾ ਵਾਸੀ ਪਿੰਡ ਖੁਆਲੀ ਕੋਲੋਂ ਦੋ ਮੋਬਾਈਲ ਫੋਨ, ਕੈਦੀ ਸੁਖਚੈਨ ਸਿੰਘ ਉਰਫ਼ ਚੀਨਾ ਵਾਸੀ ਤਰਨ ਤਾਰਨ ਕੋਲੋਂ ਇਕ ਮੋਬਾਈਲ ਫੋਨ ਤੇ ਬਾਥਰੂਮ ਕੋਲੋਂ ਕੂੜੇ ਦੇ ਢੇਰ ਕੋਲੋਂ ਲਾਵਾਰਸ ਹਾਲਤ ’ਚ ਦੋ ਮੋਬਾਈਲ ਫੋਨ ਬਰਾਮਦ ਹੋਏ।

ਇਸ ਸਬੰਧ ’ਚ ਥਾਣਾ ਇਸਲਾਮਾਬਾਦ ’ਚ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

## ਲਾਂਘਾ ਖੋਲ੍ਹਣ ਲਈ ਮੋਦੀ ਤੇ ਸ਼ਾਹ ਨੂੰ ਲਿਖਿਆ ਪੱਤਰ

**ਅੰਮ੍ਰਿਤਪਾਲ ਸਿੰਘ, ਅੰਮ੍ਰਿਤਸਰ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਸ੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ ਦਾ ਲਾਂਘਾ ਮੁੜ ਖੋਲ੍ਹਣ ਲਈ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖਿਆ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਸੰਗਤ ਦੀ ਆਸਥਾ ਨਾਲ ਜੁੜਿਆ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਤੁਰੰਤ ਚਾਲੂ ਕੀਤਾ ਜਾਵੇ ਅਤੇ ਇਸ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਹਿਲਕਦਮੀਂ ਕੀਤੀ ਜਾਵੇ। ਉਨ੍ਹਾਂ ਕਿਹਾ ਕਿ 19 ਨਵੰਬਰ ਨੂੰ ਪਹਿਲੇ ਪਾਤਸ਼ਾਹ ਜੀ ਦਾ ਪ੍ਰਕਾਸ਼ ਦਿਹਾੜਾ ਪੂਰੇ ਵਿਸ਼ਵ ਦੀਆਂ ਸੰਗਤਾਂ ਵੱਲੋਂ ਮਨਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕੋਰੋਨਾ ਦੌਰਾਨ ਆਰਜ਼ੀ ਤੌਰ ’ਤੇ ਬੰਦ ਕੀਤਾ ਗਿਆ ਲਾਂਘਾ ਹਾਲਾਤ ਸੁਖਾਵੇਂ ਹੋਣ ’ਤੇ ਵੀ ਨਾ ਖੋਲ੍ਹਣਾ ਸੰਗਤ ਦੀ ਸ਼ਰਧਾ ਨੂੰ ਸੱਟ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਬੇਸ਼ੱਕ ਸ੍ਰੀ ਕਰਤਾਰਪੁਰ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਲਈ ਕੋਰੋਨਾ ਨਿਯਮ ਲਾਗੂ ਕੀਤੇ ਜਾਣ, ਪਰ ਇਹ ਲਾਂਘਾ ਲੰਮਾ ਸਮਾਂ ਬੰਦ ਨਹੀਂ ਰਹਿਣਾ ਚਾਹੀਦਾ। ਇਸੇ ਦੌਰਾਨ ਬੀਬੀ ਜਗੀਰ ਕੌਰ ਨੇ ਉੱਤਰ ਪ੍ਰਦੇਸ਼ ਦੀ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਦੀ ਛੁੱਟੀ ਰੱਦ ਕਰਕੇ ਇਸ ਦੀ ਥਾਂ ਛੱਠ ਪੂਜਾ ਦੀ ਛੁੱਟੀ ਲਾਗੂ ਕਰਨ ਦੀ ਵੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਛੱਠ ਪੂਜਾ ਦੀ ਛੁੱਟੀ ਬਿਨਾ ਸ਼ੱਕ ਕਰ ਦਿੱਤੀ ਗਈ ਹੈ, ਪਰ ਇਸ ਦੇ ਬਦਲੇ ਨੌਵੇਂ ਪਾਤਸ਼ਾਹ ਜੀ ਦੇ ਸ਼ਹੀਦੀ ਦਿਹਾੜੇ ਦੀ ਛੁੱਟੀ ਰੱਦ ਕਰਨੀ ਠੀਕ ਨਹੀਂ। ਬੀਬੀ ਜਗੀਰ ਕੌਰ ਨੇ ਕਿਹਾ ਕਿ ਇਸ ਸਬੰਧ ’ਚ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਨੂੰ ਇਕ ਪੱਤਰ ਵੀ ਲਿਖਿਆ ਜਾ ਰਿਹਾ ਹੈ।



ਪੱਤਰ ਬਾਰੇ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ।

### 17 ਨੂੰ ਪਾਕਿਸਤਾਨ ਜਾਵੇਗਾ ਜਥਾ

**ਅੰਮ੍ਰਿਤਸਰ** : ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਸਮੇਤ ਹੋਰ ਗੁਰਧਾਮਾਂ ਦੇ ਦਰਸ਼ਨਾਂ ਲਈ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ ਦੇ 1046 ਦੀ ਸੂਚੀ ਵਿਚੋਂ 855 ਯਾਤਰੂਆਂ ਨੂੰ ਹੀ ਪਾਕਿਸਤਾਨ ਐਂਬੈਸੀ ਵੱਲੋਂ ਵੀਜ਼ਾ ਮਿਲਿਆ ਹੈ। ਇਨਾਂ ਨੂੰ ਲਈ ਪਾਕਿਸਤਾਨ ਜਾਣ ਲਈ 72 ਘੰਟੇ ਪਹਿਲਾਂ ਕੋਰੋਨਾ ਟੈਸਟ ਕਰਵਾਉਂਣਾ ਜਰੂਰੀ ਹੈ, ਜਿਸ ਲਈ ਸ਼੍ਰੋਮਣੀ ਕਮੇਟੀ ਵੱਲੋਂ 14 ਅਤੇ 15 ਨਵੰਬਰ ਨੂੰ ਕੈਂਪ ਲਗਾਇਆ ਜਾਵੇਗਾ। ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਦੱਸਿਆ ਕਿ ਪਾਕਿਸਤਾਨ ਲਈ 17 ਨਵੰਬਰ ਨੂੰ ਜਥਾ ਰਵਾਨਾ ਕੀਤਾ ਜਾਵੇਗਾ ਜੋ 26 ਨਵੰਬਰ ਨੂੰ ਵਾਪਸ ਪਰਤੇਗਾ।

**ਦਫਤਰ ਨਗਰ ਸੁਧਾਰ ਟਰੱਸਟ, ਲੁਧਿਆਣਾ**
**ਜਨਤਕ ਸੂਚਨਾ**

ਆਮ ਜਨਤਾ ਨੂੰ ਇਸ ਪਬਲਿਕ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਪਲਾਟ ਨੰ. 20-ਸੀ ਰਕਬਾ 200 ਵਰਗ ਗਜ ਸਕੀਮ ਰਾਜਗੁਰੂ ਨਗਰ ਵਿੱਚ ਸ਼੍ਰੀ ਭਾਨ ਸਿੰਘ ਦੇ ਨਾਮ ਤੇ ਦਫਤਰ ਵੱਲੋਂ ਆਪਣੇ ਪੱਤਰ ਨੰ. 9402 ਮਿਤੀ 07-10-1982 ਰਾਹੀਂ ਅਲਾਟਮੈਂਟ ਕੀਤੀ ਗਈ ਸੀ। ਅੱਗੇ ਪਲਾਟ ਦੀ ਟਰਾਂਸਫਰ ਦਫਤਰ ਵੱਲੋਂ ਆਪਣੇ ਪੱਤਰ ਨੰ. 111718 ਮਿਤੀ 18-12-1996 ਸ੍ਰੀ ਤੇਜਿੰਦਰ ਸਿੰਘ ਦੇ ਨਾਮ ਪਰ ਕੀਤੀ ਗਈ ਸੀ। ਪਲਾਟ ਦੀ ਰਜਿਸਟਰੀ ਦਫਤਰ ਤੇਜਿੰਦਰ ਸਿੰਘ ਦੇ ਨਾਮ ਕਰ ਦਿੱਤੀ ਗਈ ਸੀ। ਤੇਜਿੰਦਰ ਵੱਲੋਂ ਅੱਗੇ ਪਲਾਟ ਦੀ ਰਜਿਸਟਰੀ ਪੁਸ਼ਪਾ ਵਰਮਾ ਪਤਨੀ ਬਲਦੇਵ ਰਾਜ ਨੂੰ ਕੀਤੀ ਗਈ ਸੀ, ਅੱਗੇ ਉਨ੍ਹਾਂ ਵੱਲੋਂ ਅਮਰੀਕ ਸਿੰਘ ਪੁੱਤਰ ਪ੍ਰੇਮ ਸਿੰਘ ਨੂੰ ਕੀਤੀ ਗਈ ਸੀ। ਅਮਰੀਕ ਸਿੰਘ ਵੱਲੋਂ ਪਲਾਟ ਦਾ 1/2 ਹਿੱਸਾ ਸ਼੍ਰੀਮਤੀ ਭੁਪਿੰਦਰ ਕੌਰ ਪਤਨੀ ਅਮਰੀਕ ਸਿੰਘ ਅਤੇ 1/2 ਹਿੱਸਾ ਸੰਦੀਪ ਕੌਰ ਪੁੱਤਰੀ ਅਮਰੀਕ ਸਿੰਘ ਨੂੰ ਕੀਤਾ ਗਿਆ। ਜਿਸ ਵਿੱਚੋਂ ਸ਼੍ਰੀਮਤੀ ਭੁਪਿੰਦਰ ਕੌਰ ਦੀ ਮੌਤ ਮਿਤੀ 11-07-2021 ਨੂੰ ਹੋਣ ਉਪਰੰਤ ਉਸ ਦੇ ਲੀਗਲ ਵਾਰਸ ਸ਼੍ਰੀਮਤੀ ਸਤਿੰਦਰ ਅਰੋੜਾ, ਸ਼੍ਰੀਮਤੀ ਮਨਿੰਦਰ ਬਖਸ਼ੀ ਅਤੇ ਸ਼੍ਰੀਮਤੀ ਸੰਦੀਪ ਕੱਕੜ ਦੇ ਨਾਮ ਪਰ ਪਲਾਟ ਨੰ. 20-ਸੀ ਰਕਬਾ 200 ਵਰਗ ਗਜ ਸਕੀਮ ਰਾਜਗੁਰੂ ਨਗਰ ਦਾ 1/2 ਹਿੱਸਾ ਡੈਥ ਕੇਸ ਵਿੱਚ ਟਰਾਂਸਫਰ ਕਰਨ ਲਈ ਨਗਰ ਸੁਧਾਰ ਟਰੱਸਟ ਲੁਧਿਆਣਾ ਵਿਖੇ ਬੇਨਤੀ ਕੀਤੀ ਗਈ ਹੈ।

ਹੁਣ ਉਨ੍ਹਾਂ ਦੇ ਵਾਰਸ ਸ਼੍ਰੀਮਤੀ ਸਤਿੰਦਰ ਅਰੋੜਾ, ਸ਼੍ਰੀਮਤੀ ਮਨਿੰਦਰ ਬਖਸ਼ੀ ਅਤੇ ਸ਼੍ਰੀਮਤੀ ਸੰਦੀਪ ਕੱਕੜ ਵੱਲੋਂ ਦਫਤਰ ਵਿਖੇ ਇੱਕ ਦਰਖਾਸਤ ਦਿੱਤੀ ਗਈ ਹੈ। ਜਿਸ ਵਿੱਚ ਉਨ੍ਹਾਂ ਲਿਖਿਆ ਹੈ ਕਿ ਉਨ੍ਹਾਂ ਦੀ ਮਾਤਾ ਦੀ ਮੌਤ 11-07-2021 ਨੂੰ ਹੋ ਚੁੱਕੀ ਹੈ। ਵਾਰਸਾਂ ਵੱਲੋਂ ਲੀਗਲ ਹੇਅਰ ਸਰਟੀਫਿਕੇਟ ਦੀ ਕਾਪੀ ਦਫਤਰ ਵਿਖੇ ਦਿੱਤੀ ਗਈ ਹੈ। ਜਿਸ ਅਨੁਸਾਰ ਸ਼੍ਰੀਮਤੀ ਸਤਿੰਦਰ ਅਰੋੜਾ, ਸ਼੍ਰੀਮਤੀ ਮਨਿੰਦਰ ਬਖਸ਼ੀ ਅਤੇ ਸ਼੍ਰੀਮਤੀ ਸੰਦੀਪ ਕੱਕੜ ਨੂੰ ਵਾਰਸ ਮੰਨਿਆ ਗਿਆ ਹੈ।

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵਿਅਕਤੀ ਨੂੰ ਪਲਾਟ ਨੰ. 20-ਸੀ ਰਕਬਾ 200 ਵਰਗ ਗਜ ਸਕੀਮ ਰਾਜਗੁਰੂ ਨਗਰ ਲੁਧਿਆਣਾ ਦੀ ਮਾਲਕੀ 1/2 ਹਿੱਸਾ ਲੀਗਲ ਹੇਅਰ ਸਰਟੀਫਿਕੇਟ ਦੇ ਅਧਾਰ ਤੇ ਟਰੱਸਟ ਰਿਕਾਰਡ ਵਿੱਚ ਸ਼੍ਰੀਮਤੀ ਸਤਿੰਦਰ ਅਰੋੜਾ, ਸ਼੍ਰੀਮਤੀ ਮਨਿੰਦਰ ਬਖਸ਼ੀ ਅਤੇ ਸ਼੍ਰੀਮਤੀ ਸੰਦੀਪ ਕੱਕੜ ਦੇ ਨਾਮ ਤੇ ਤਬਦੀਲ ਕਰਨ ਤੇ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਇਸ ਨੋਟਿਸ ਦੇ ਪ੍ਰਕਾਸ਼ਿਤ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ ਪੇਸ਼ ਕਰੇ। ਮਿੱਥੇ ਸਮੇਂ ਦੇ ਅੰਦਰ-ਅੰਦਰ ਇਤਰਾਜ ਨਾ ਆਉਣ ਦੀ ਸੂਰਤ ਵਿੱਚ ਉਕਤ ਪਲਾਟ ਦੀ ਮਾਲਕੀ ਟਰੱਸਟ ਰਿਕਾਰਡ ਵਿੱਚ ਸ਼੍ਰੀਮਤੀ ਸਤਿੰਦਰ ਅਰੋੜਾ, ਸ਼੍ਰੀਮਤੀ ਮਨਿੰਦਰ ਬਖਸ਼ੀ ਅਤੇ ਸ਼੍ਰੀਮਤੀ ਸੰਦੀਪ ਕੱਕੜ ਦੇ ਨਾਮ ਤੇ ਕਰ ਦਿੱਤੀ ਜਾਵੇਗੀ।

**ਕਾਰਜ ਸਾਧਕ ਅਫਸ਼ਰ,**
**ਨਗਰ ਸੁਧਾਰ ਟਰੱਸਟ, ਲੁਧਿਆਣਾ।**

ਨੰ. ਲਟਣ/ਸਬ/6010 ਮਿਤੀ 11.11.2021

## ਬਹਿਬਲ ਕਲਾਂ ਗੋਲ਼ੀ ਕਾਂਡ; ਸਾਰੇ ਮੁਲਜ਼ਮ ਅਦਾਲਤ ’ਚ ਪੇਸ਼

**ਹਰਪ੍ਰੀਤ ਸਿੰਘ ਚਾਨਾ/ਜੇਐੱਨਐੱਨ, ਫਰੀਦਕੋਟ**

ਬਹਿਬਲ ਕਲਾਂ ਗੋਲੀ ਕਾਂਡ ਮਾਮਲੇ ’ਚ ਸ਼ੁੱਕਰਵਾਰ ਨੂੰ ਫਰੀਦਕੋਟ ਅਦਾਲਤ ’ਚ ਫਿਰ ਤੋਂ ਮੁਲਜ਼ਮਾਂ ਦੀ ਪੇਸ਼ੀ ਹੋਈ। ਇਸ ਦੌਰਾਨ ਸਾਰੇ ਮੁਲਜ਼ਮ ਪੇਸ਼ ਹੋਏ। ਇਸ ਮਾਮਲੇ ’ਚ ਨਾਮਜ਼ਦ ਮੁਅੱਤਲ ਆਈਜੀ ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਐੱਸਐੱਸਪੀ ਚਰਨਜੀਤ ਸ਼ਰਮਾ, ਐੱਸਪੀ ਵਿਕਰਮਜੀਤ ਸਿੰਘ, ਸੁਹੇਲ ਬਰਾੜ, ਪੰਕਜ ਬਾਂਸਲ ਸਮੇਤ ਸਾਰੇ ਨਾਮਜ਼ਦ ਮੁਲਜ਼ਮ ਮੌਜੂਦ ਸਨ।

ਜ਼ਿਕਰਯੋਗ ਹੈ ਕਿ ਇਸ ਮਾਮਲੇ ਵਿਚ ਹਾਲੇ ਤਕ ਨਾਮਜ਼ਦ ਕਥਿਤ ਦੋਸ਼ੀਆਂ ਖ਼ਿਲਾਫ਼ ਅਦਾਲਤ ਵਿਚ ਦੋਸ਼ ਤੈਅ ਕਰਨ ਨੂੰ ਲੈ ਕੇ ਕੋਈ ਵੀ ਫ਼ੈਸਲਾ ਨਹੀਂ ਹੋਇਆ ਹੈ। ਅੱਜ ਉਮੀਦ ਕੀਤੀ ਜਾ ਰਹੀ ਸੀ ਕਿ ਇਸ ਨੂੰ ਲੈ ਕੇ ਅਦਾਲਤ ਵਿਚ ਕਾਰਵਾਈ ਹੋ ਸਕਦੀ ਹੈ ਪਰ ਬਚਾਅ ਪੱਖ ਦੇ ਵਕੀਲਾਂ ਵੱਲੋਂ ਪਿਛਲੇ ਸਮੇਂ ਅਦਾਲਤ ’ਚ ਪਟੀਸ਼ਨ ਦਾਇਰ ਕੀਤੀ ਸੀ ਕਿ ਘਟਨਾ ਦੌਰਾਨ ਪੁਲਿਸ ਮੁਲਾਜ਼ਮ ਵੀ ਜ਼ਖ਼ਮੀ ਹੋਏ ਸਨ ਤੇ ਉਸ ਸਮੇਂ ਸਰਕਾਰੀ ਮਸ਼ੀਨਰੀ ਨੂੰ ਵੀ ਨੁਕਸਾਨ ਪਹੁੰਚਾਇਆ ਗਿਆ ਸੀ ਪਰ ਐੱਸਆਈਟੀ ਨੇ ਇਕਤਰਫਾ ਜਾਂਚ ਕੀਤੀ ਸੀ, ਇਸ ਲਈ ਦੂਸਰੀ ਜਾਂਚ ਵੀ ਹੋਣੀ ਚਾਹੀਦੀ ਹੈ। ਇਸ ਦੇ ਚੱਲਦਿਆਂ ਅਦਾਲਤ ਵੱਲੋਂ ਮਾਮਲੇ ਦੀ ਅਗਲੀ ਸੁਣਵਾਈ ਲਈ 26 ਨਵੰਬਰ ਦੀ ਤਰੀਕ ਨਿਰਧਾਰਤ ਕੀਤੀ ਹੈ। ਹੁਣ 26 ਨਵੰਬਰ ਨੂੰ ਕੋਈ ਫੈਸਲਾ ਆਉਣ ਦੀ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਪੰਜਾਬ ਸਰਕਾਰ ਵੱਲੋਂ ਰਾਜਵਿੰਦਰ ਸਿੰਘ ਬੈਂਸ ਨੂੰ ਬੇਅਦਬੀ ਮਾਮਲਿਆਂ ਦੀ ਪੈਰਵੀ ਕਰਨ ਲਈ ਸਪੈਸ਼ਲ ਪਬਲਿਕ ਪ੍ਰਾਸੀਕਿਊਟਰ ਨਿਯੁਕਤ ਕੀਤਾ ਗਿਆ ਸੀ।

ਜਦੋਂ ਐਡਵੋਕੇਟ ਬੈਂਸ 19 ਅਕਤੂਬਰ ਨੂੰ ਫਰੀਦਕੋਟ ਦੀ ਅਦਾਲਤ ’ਚ ਚੱਲ ਰਹੇ ਕੇਸ ਬਹਿਬਲ ਕਲਾਂ ਗੋਲੀ ਕਾਂਡ ਵਿੱਚ ਬਤੌਰ ਸਪੈਸ਼ਲ ਪਬਲਿਕ ਪ੍ਰਾਸੀਕਿਊਟਰ ਪੇਸ਼ ਹੋਏ ਸਨ ਤਾਂ ਮੁਲਜ਼ਮ ਧਿਰ ਵਲੋਂ ਇਸ ਗੱਲ ਦਾ ਵਿਰੋਧ ਕੀਤਾ ਗਿਆ ਸੀ ਕਿ ਬੇਅਦਬੀ ਮਾਮਲਿਆਂ ’ਚ ਸਰਕਾਰ ਤਰਫੋਂ ਸਿਰਫ ਸਰਕਾਰੀ ਵਕੀਲ ਹੀ ਕੇਸ ਦੀ ਪੈਰਵੀ ਕਰ ਸਕਦਾ ਹੈ ਅਤੇ ਸਪੈਸ਼ਲ ਪਬਲਿਕ ਪ੍ਰਾਸੀਕਿਊਟਰ ਅਦਾਲਤ ਵਿੱਚ ਸਰਕਾਰ ਵੱਲੋਂ ਕੇਸ ਦੀ ਪੈਰਵੀ ਨਹੀਂ ਕਰ ਸਕਦਾ, ਇਸ ਦੇ ਸਬੰਧ ਵਿੱਚ ਹੀ ਮੁਲਜ਼ਮ ਚਰਨਜੀਤ ਸ਼ਰਮਾ ਸਾਬਕਾ ਐੱਸਐੱਸਪੀ ਨੇ ਅਦਾਲਤ ਵਿੱਚ ਅਧੀਨ ਧਾਰਾ 24 (8), 301 ਅਤੇ 225 ਸੀਆਰਪੀਸੀ ਤਹਿਤ ਅਰਜੀ ਦਾਇਰ ਕਰਕੇ ਇਤਰਾਜ਼ ਜਤਾਇਆ ਸੀ ਕਿ ਬੈਂਸ ਇਸ ਕੇਸ ਦੀ ਪੈਰਵੀ ਨਹੀਂ ਕਰ ਸਕਦੇ। ਇਸ ਸਬੰਧੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਰਾਜਵਿੰਦਰ ਸਿੰਘ ਬੈਂਸ ਦੀ ਨਿਯੁਕਤੀ ਨੂੰ ਚੁਣੌਤੀ ਦਿੱਤੀ ਗਈ ਸੀ।

## ਕਾਲਾਬਜ਼ਾਰੀ ਰੋਕਣ ਲਈ ਖ਼ਰੀਦ ਬੰਦ ਕੀਤੀ : ਆਸ਼ੂ

**ਪੱਤਰ ਪ੍ਰੇਰਕ, ਸੁਨਾਮ** : ਕੁੱਲ ਹਿੰਦ ਕਾਂਗਰਸ ਕਮੇਟੀ ਦੇ ਸੰਯੁਕਤ ਸਕੱਤਰ ਤੇ ਅਬਜ਼ਰਵਰ ਕ੍ਰਿਸ਼ਨਾ ਅਲਾਵਰੂ ਅਤੇ ਕਾਂਗਰਸ ਦੇ ਜ਼ਿਲ੍ਹਾ ਨਿਗਰਾਨ ਕੈਬਨਿਟ ਮੰਤਰੀ ਭਾਰਤ ਭੂਸ਼ਨ ਆਸ਼ੂ ਸ਼ੁੱਕਰਵਾਰ ਨੂੰ ਸੁਨਾਮ ਦੇ ਰੈਸਟ ਹਾਊਸ ਪੁੱਜੇ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜ਼ਿਲ੍ਹਾ ਨਿਗਰਾਨ ਅਤੇ ਕੈਬਨਿਟ ਮੰਤਰੀ ਭਾਰਤ ਭੂਸ਼ਨ ਆਸ਼ੂ ਨੇ ਕਿਹਾ ਕਿ ਕਾਂਗਰਸ ਨੇ ਅਗਾਮੀ ਵਿਧਾਨ ਸਭਾ ਚੋਣਾਂ ਲਈ ਟਰਾਇਲ ਸ਼ੁਰੂ ਕਰ ਦਿੱਤਾ ਹੈ। ਉਨਾਂ ਦਾਅਵਾ ਕੀਤਾ ਕਿ ਲੋਕਾਂ ਦੀ ਭਲਾਈ ਲਈ ਕੀਤੇ ਕੰਮਾਂ ਦੇ ਸਿਰ ’ਤੇ ਕਾਂਗਰਸ ਸੂਬੇ ਅੰਦਰ ਪੂਰਨ ਬਹੁਮਤ ਨਾਲ ਸਰਕਾਰ ਬਣਾਏਗੀ। ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਖਰੀਦ ਬੰਦ ਕਰਨ ਦਾ ਫ਼ੈਸਲਾ ਕਾਲਾਬਾਜ਼ਾਰੀ ਰੋਕਣ ਲਈ ਕੀਤਾ ਹੈ।

## ਮੁਫ਼ਤ ਕਾਨੂੰਨੀ ਸਹਾਇਤਾ ਸਬੰਧੀ ਲਘੂ ਫਿਲਮ ਜਾਰੀ

**ਪੰਜਾਬੀ ਜਾਗਰਣ ਬਿਊਰੋ, ਚੰਡੀਗੜ੍ਹ** : ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਚੀਫ਼ ਜਸਟਿਸ ਦੀ ਸਰਪ੍ਰਸਤੀ ਹੇਠ ਪੰਜਾਬ ਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਵਿਖੇ ਲਗਾਈ ਗਈ ਕਾਨੂੰਨੀ ਜਾਗਰੂਕਤਾ ਪ੍ਰਦਰਸ਼ਨੀ ਦੌਰਾਨ ਲਘੂ ਫ਼ਿਲਮ ਲਾਂਚ ਕੀਤੀ ਗਈ ਹੈ। ਇਹ ਫਿਲਮ ਰਾਜ ਦੀਆਂ ਕਾਨੂੰਨੀ ਸੇਵਾਵਾਂ ਵੱਲੋਂ ਦਿੱਤੀ ਜਾ ਰਹੀ ਮੁਫ਼ਤ ਕਾਨੂੰਨੀ ਸਹਾਇਤਾ ਅਤੇ ਸੇਵਾਵਾਂ ਦੇ ਸੰਕਲਪ ’ਤੇ ਆਧਾਰਤ ਹੈ। ਅਥਾਰਟੀ ਦੇ ਮੈਂਬਰ ਸਕੱਤਰ-ਕਮ-ਜ਼ਿਲ੍ਹਾ ਅਤੇ ਸੈਸ਼ਨ ਜੱਜ, ਐੱਸਏਐੱਸ ਨਗਰ ਅਰੁਣ ਗੁਪਤਾ ਨੇ ਦੱਸਿਆ ਕਿ ‘ਪੈਨ ਇੰਡੀਆ ਅਵੇਅਰਨੈੱਸ ਐਂਡ ਆਊਟਰੀਚ ਪ੍ਰੋਗਰਾਮ-ਆਜ਼ਾਦੀ ਕਾ ਅੰਮ੍ਰਿਤ ਮਹੋਤਸਵ (2 ਅਕਤੂਬਰ ਤੋਂ 14 ਨਵੰਬਰ 2021) ਤਹਿਤ ਲਗਾਈ ਗਈ ਕਾਨੂੰਨੀ ਜਾਗਰੂਕਤਾ ਪ੍ਰਦਰਸ਼ਨੀ ਦੌਰਾਨ ਲਘੂ ਫ਼ਿਲਮ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸਾਰੇ ਜੱਜਾਂ ਨੇ ਵੀ ਦੇਖਿਆ ਅਤੇ ਇਹ ਫ਼ਿਲਮ ਹਾਈ ਕੋਰਟ ਦੇ ਬਾਰ ਰੂਮਾਂ ਅਤੇ ਉਡੀਕ ਵਾਲੇ ਖੇਤਰਾਂ ਵਿੱਚ ਵੀ ਚਲਾਈ ਗਈ। ਇਸ ਮੌਕੇ ਜੱਜ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਕਾਰਜਕਾਰੀ ਚੇਅਰਮੈਨ ਜਸਟਿਸ ਅਜੇ ਤਿਵਾੜੀ ਨੇ ਵੀਡੀਉ ਕਾਨਫਰੰਸਿੰਗ ਰਾਹੀਂ ਪੰਜਾਬ ਰਾਜ ਦੇ ਸਾਰੇ ਨਿਆਂਇਕ ਅਧਿਕਾਰੀਆਂ ਅਤੇ ਵਿਸ਼ੇਸ਼ ਤੌਰ ’ਤੇ ਮੁਫ਼ਤ ਸੇਵਾਵਾਂ ਦੇਣ ਵਾਲੇ ਵਕੀਲਾਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ, ਜੋ ਇਸ ਪੈਨ ਇੰਡੀਆ ਜਾਗਰੂਕਤਾ ਮੁਹਿੰਮ ਨੂੰ ਰਾਜ ਭਰ ਵਿਚ ਸਫ਼ਲ ਬਣਾ ਰਹੇ ਹਨ।

**ਕੋਰਟ ਨੋਟਿਸ, ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ V/S ਆਮ ਜਨਤਾ**
**ਵਿਸ਼ਾ : ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।**



ਬਿਨੈਕਾਰ ਦਾ ਨਾਮ : ਬਲਸ਼ੇਰ ਸਿੰਘ ਪਿਤਾ/ਪਤੀ ਦਾ ਨਾਮ : ਕੁਲਦੀਪ ਸਿੰਘ
ਪਤਾ: H NO 16 FRIENDS COLONY, LANE NO.1, WADALA ROAD JALANDHAR, TEHSIL-JALANDHAR-1/DISTRICT-JALANDHAR, PUNJAB
ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਬਿਨੈ ਪੱਤਰ ਦਿੱਤਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ।
ਨਾਮ : ਬਲਸ਼ੇਰ ਸਿੰਘ ਪੱਕਾ ਪਤਾ: H NO 16 FRIENDS COLONY, LANE NO.1, WADALA ROAD JALANDHAR, JALANDHAR-1, JALANDHAR, PUNJAB ਵਿਦੇਸ਼ੀ ਪਤਾ : KAREL MIRYSTRAAT 1, 9000 GENT, BELGIUM, ਕੈਰਲ ਮਿਰੀਸਟ੍ਰਾਟ 1, 9000 ਗੈਂਟ, ਬੈਲਜੀਅਮ। ਉਮਰ/ਜਨਮ ਮਿਤੀ: 29-(11/04/1992)
ਬਿਨੈਕਾਰ ਨੇ ਕਿਹਾ ਹੈ ਕਿ ਉਸਦਾ ਭਾਰਤ ਵਿੱਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।
ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫ਼ਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣੀ ਇਤਰਾਜ਼ (ਸ਼ਿਕਾਇਤ)ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।
ਇਹ ਇਸ਼ਤਿਹਾਰ ਮੇਰੇ ਦਸਤਖ਼ਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 10-11-2021 ਨੂੰ ਜਾਰੀ ਹੋਇਆ।
ਨੰਬਰ/ਰੀਡਰ ਮਿਤੀ 11-11-2021 ਜ਼ਿਲਾ ਮੈਰਿਜ ਅਫ਼ਸਰ,ਜਲੰਧਰ,ਪੰਜਾਬ,ਭਾਰਤ

**SATIA INDUSTRIES LIMITED**
Regd office: Vill. Rupana, Malout-Muktsar Road, Muktsar.
CIN : L21012PB1980PLC004329 , Website :www.satiagroup.com

Extract of statement of Standalone Unaudited Financial results for the Quarter and Half Year Ended Sep 30, 2021 (INR in Lakhs)

| S.No. | Particulars | Quarter Ended | | Half Year Ended | | Year Ended |
|---|---|---|---|---|---|---|
| | | 30.09.2021 | 30.09.2020 | 30.09.2021 | 30.09.2020 | 31.03.2021 |
| 1 | Total Income from Operations | 19,353.80 | 14,836.67 | 38,514.39 | 27,597.28 | 59,515.57 |
| 2 | Net Profit for the period before tax(before Exceptional and/or Extraordinary items) | 2,453.49 | 1,921.95 | 5,359.07 | 3,272.44 | 6,683.58 |
| 3 | Net Profit for the period before tax(after Exceptional and/or Extraordinary items) | 2,453.49 | 1,921.95 | 5,359.07 | 3,272.44 | 6,683.58 |
| 4 | Net Profit for the period after tax(after tax, Exceptional and/or Extraordinary items) | 2,026.57 | 1,333.80 | 4,217.97 | 2,498.60 | 4,954.86 |
| 5 | Total Comprehensive Income for the period [Comprising Profit / (Loss) for the period (after tax) and OtherComprehensive Income (after tax)] | 2,034.46 | 1,325.95 | 4,233.75 | 2,482.90 | 4,986.42 |
| 6 | Equity Share Capital | 1,000.00 | 1,000.00 | 1,000.00 | 1,000.00 | 1,000.00 |
| 7 | Reserves (excluding Revaluation Reserve) as per balance sheet of previousyear | | | | | 43,534.52 |
| 8 | Earnings Per Share (of Rs. 1/- each) (for continuing and discontinued operations) - Basic : Diluted : | 2.03<br>2.03 | 1.33<br>1.33 | 4.22<br>4.22 | 2.50<br>2.50 | 4.95<br>4.95 |

**Notes:- (1)** The above is an extract of the detailed Quarterly Financial Results filed with the Stock Exchange under Regulation 33 of the SEBI (Listing and Other Disclosure Requirements) Regulation, 2015. The full Quarterly Financial Results are available on the company's website i.e. www.satiagroup.com and the website of the Stock Exchange i.e. www.bseindia.com & www.nseindia.com.
**(2)** The above results were reviewed by the Audit Committee at the meeting held on 12th Nov, 2021 and thereafter have been adopted by the Board at its meeting held on 12th Nov, 2021. These Results have been subject to Limited Review by the Statuary Auditors.
**(3)** The results have been prepared in accordance with the Indian Accounting Standards (IND AS) as prescribed under Section 133 of the Companies Act 2013 read with relevant rules issued thereunder.

Place : Rupana
Date : 12.11.2021

For Satia Industries Ltd
(R.K. Bhandari)
Joint Managing Director
DIN : 00732588

**ਆਈਓਐਲ ਕੈਮੀਕਲਜ਼ ਐਂਡ ਫਾਰਮਾਸਿਊਟੀਕਲਜ਼ ਲਿਮਟਿਡ**

**ਮਿਤੀ 30 ਸਤੰਬਰ, 2021 ਨੂੰ ਖਤਮ ਹੋਈ ਤਿਮਾਹੀ ਅਤੇ ਅਰਧ ਸਾਲ ਵਾਸਤੇ ਆਡਿਟਿਡ ਵਿੱਤੀ ਨਤੀਜਿਆਂ ਦਾ ਸਾਰ**

(ਰੁ. ਕਰੋੜ ’ਚ)

| ਲੜੀ ਨੰ. | ਵੇਰਵੇ | ਖਤਮ ਹੋਈ ਤਿਮਾਹੀ | | | ਖਤਮ ਹੋਇਆ ਅਰਧ ਸਾਲ | | ਖਤਮ ਹੋਇਆ ਸਾਲ |
|---|---|---|---|---|---|---|---|
| | | 30.09.2021 (ਆਡਿਟਿਡ) | 30.06.2021 (ਆਡਿਟਿਡ) | 30.09.2020 (ਆਡਿਟਿਡ) | 30.09.2021 (ਆਡਿਟਿਡ) | 30.09.2020 (ਆਡਿਟਿਡ) | 31.03.2021 (ਆਡਿਟਿਡ) |
| 1 | ਆਪਰੇਸ਼ਨਜ਼ ਤੋਂ ਕੁੱਲ ਆਮਦਨ | 548.39 | 524.23 | 537.96 | 1,072.62 | 1,003.87 | 1,991.28 |
| 2 | ਅਰਸੇ ਲਈ ਸ਼ੁੱਧ (ਟੈਕਸ ਤੋਂ ਪਹਿਲਾਂ, ਐਕਸੈਪਸ਼ਨਲ ਅਤੇ/ਜਾਂ ਵਿਸ਼ੇਸ਼ ਆਈਟਮਾਂ) | 41.62 | 103.78 | 165.05 | 145.40 | 311.79 | 571.39 |
| 3 | ਟੈਕਸ ਤੋਂ ਪਹਿਲਾਂ ਅਰਸੇ ਵਾਸਤੇ ਸ਼ੁੱਧ ਲਾਭ (ਪਿੱਛੋਂ ਐਕਸੈਪਸ਼ਨਲ ਅਤੇ/ਜਾਂ ਵਿਸ਼ੇਸ਼ ਆਈਟਮਾਂ) | 41.62 | 89.85 | 165.05 | 131.47 | 311.79 | 571.39 |
| 4 | ਟੈਕਸ ਪਿੱਛੋਂ ਅਰਸੇ ਵਾਸਤੇ ਸ਼ੁੱਧ ਲਾਭ (ਪਿੱਛੋਂ ਐਕਸੈਪਸ਼ਨਲ ਅਤੇ/ਜਾਂ ਵਿਸ਼ੇਸ਼ ਆਈਟਮਾਂ) | 30.84 | 67.00 | 126.96 | 97.84 | 254.50 | 444.56 |
| 5 | ਅਰਸੇ ਵਾਸਤੇ ਕੁੱਲ ਸੰਖੇਪ ਆਮਦਨ {ਲਾਭ/(ਹਾਨੀ) ਸ਼ਾਮਲ) ਅਰਸੇ ਵਾਸਤੇ (ਟੈਕਸ ਪਿੱਛੋਂ) ਅਤੇ ਹੋਰ ਸੰਖੇਪ ਆਮਦਨ (ਟੈਕਸ ਪਿੱਛੋਂ)} | 30.16 | 66.52 | 126.34 | 96.68 | 253.30 | 442.42 |
| 6 | ਇਕੁਇਟੀ ਸ਼ੇਅਰ ਕੈਪੀਟਲ | 58.71 | 58.71 | 58.71 | 58.71 | 58.71 | 58.71 |
| 7 | ਹੋਰ ਇਕੁਇਟੀ (ਮੁੜ ਮੁਲਾਂਕਣ ਰਾਖਵੇਂ ਨੂੰ ਛੱਡ ਕੇ ਰਾਖਵੇਂ) | | | | 1,286.66 | 1,036.08 | 1,201.72 |
| 8 | ਪ੍ਰਤੀ ਸ਼ੇਅਰ ਆਮਦਨ (ਰੁ. 10/- ਹਰੇਕ ਦਾ) (ਚਲਦੇ ਅਤੇ ਨਾ ਚਲਦੇ ਆਪਰੇਸ਼ਨਜ਼ ਵਾਸਤੇ) (ਮਿਤੀ 31.03.2021 ਨੂੰ ਖਤਮ ਹੋਏ ਸਾਲ ਲਈ ਸਾਲਾਨਾ ਨਾ ਕੀਤੇ ਸਿਵਾਏ)<br>ਬੇਸਿਕ ਅਤੇ ਡਿਲੂਟਿਡ | 5.26 | 11.41 | 21.61 | 16.67 | 43.91 | 76.21 |

**ਟਿੱਪਣੀਆਂ :**

1. ਉਪਰੋਕਤ ਐਸਈਬੀਆਈ (ਲਿਸਟਿੰਗ ਓਬਲੀਗੇਸ਼ਨਜ਼ ਅਤੇ ਹੋਰ ਡਿਸਕਲੋਜ਼ਰ ਜਰੂਰਤਾਂ) ਰੈਗੂਲੇਸ਼ਨਜ਼ 2015 ਦੇ ਰੈਗੂਲੇਸ਼ਨਜ਼ 33 ਅਧੀਨ ਸਟਾਕ ਐਕਸਚੇਂਜਾਂ ਕੋਲ ਭਰੇ ਗਏ ਮਿਤੀ 30 ਸਤੰਬਰ 2021 ਨੂੰ ਖਤਮ ਹੋਈ ਤਿਮਾਹੀ ਵਾਸਤੇ ਆਡਿਟਿਡ ਵਿੱਤੀ ਨਤੀਜਿਆਂ ਦੇ ਵਿਸਥਾਰਿਤ ਫਾਰਮੈਟ ਦਾ ਇੱਕ ਸਾਰ ਹੈ। ਇਨ੍ਹਾਂ ਵਿੱਤੀ ਨਤੀਜਿਆਂ ਦਾ ਪੂਰਾ ਫਾਰਮੈਟ ਸਟਾਕ ਐਕਸਚੇਂਜ ਦੀਆਂ ਵੈੱਬਸਾਈਟਾਂ ਅਰਥਾਤ www.bseindia.com ਅਤੇ www.nseindia.com ਅਤੇ ਕੰਪਨੀ ਦੀ ਵੈੱਬਸਾਈਟ www.iolcp.com ਉੱਪਰ ਉਪਲਬੱਧ ਹੈ।
2. ਉਪਰੋਕਤ ਨਤੀਜਿਆਂ ਦਾ ਰੀਵਿਊ ਆਡਿਟ ਕਮੇਟੀ ਦੁਆਰਾ ਕੀਤਾ ਜਾ ਚੁੱਕਾ ਹੈ ਅਤੇ ਇਸ ਤੋਂ ਬਾਅਦ ਮਿਤੀ 12 ਨਵੰਬਰ 2021 ਨੂੰ ਹੋਈ ਉਨ੍ਹਾਂ ਦੀ ਸੰਬੰਧਤ ਮੀਟਿੰਗ ਵਿੱਚ ਡਾਇਰੈਕਟਰਾਂ ਦੇ ਬੋਰਡ ਦੁਆਰਾ ਪ੍ਰਵਾਨ ਕੀਤਾ ਗਿਆ।
3. ਪਿਛਲੇ ਵਿੱਤੀ ਅਰਸਾ ਅੰਕੜਿਆਂ ਨੂੰ ਰੀਗਰੁੱਪਡ/ਰੀਅਰੇਂਜਡ/ਰੀਸਟੇਟਡ ਕੀਤਾ ਗਿਆ ਹੈ, ਜਿੱਥੇ ਲਾਜ਼ਮੀ ਸਮਝਿਆ ਗਿਆ।

ਬਾ-ਹੁਕਮ ਬੋਰਡ
ਵਾਸਤੇ ਆਈਓਐਲ ਕੈਮੀਕਲਜ਼ ਐਂਡ ਫਾਰਮਾਸਿਊਟੀਕਲਜ਼ ਲਿਮਟਿਡ
ਸਹੀ/- ਵਰਿੰਦਰ ਗੁਪਤਾ,
ਮੈਨੇਜਿੰਗ ਡਾਇਰੈਕਟਰ
ਡੀਆਈਐਨ : 00044068

ਸਥਾਨ : ਲੁਧਿਆਣਾ
ਮਿਤੀ : 12 ਨਵੰਬਰ, 2021

ਸੀਆਈਐਨ: L24116PB1986PLC007030,
ਰਜਿ. ਦਫ਼ਤਰ : ਪਿੰਡ ਤੇ ਡਾਕਖਾਨਾ ਹੰਡਿਆਇਆ, ਫਤਹਿਗੜ੍ਹ ਚਾਨਾ ਰੋਡ, ਬਰਨਾਲਾ-148107 ਪੰਜਾਬ
ਫੋਨ :+91-1679-285285-86, ਫੈਕਸ :+91-1679-285292, ਈ-ਮੇਲ : contact@iolcp.com, www.iolcp.com